# ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 12.05.2022 ਨੂੰ ਬਾਅਦ ਦੁਪਹਿਰ 3.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

**ਸ਼੍ਰੀਮਤੀ ਰਮਨ ਗੋਇਲ**
**ਮੇਅਰ**

**ਡਾ: ਪਲਵੀ, ਆਈ.ਏ.ਐਸ.**
**ਕਮਿਸ਼ਨਰ**

**ਸ਼੍ਰੀ ਅਸ਼ੋਕ ਕੁਮਾਰ**
**ਸੀਨੀਅਰ ਡਿਪਟੀ ਮੇਅਰ**

**ਸ਼੍ਰੀਮਤੀ ਪ੍ਰਵੀਨ ਗਰਗ**
**ਮੈਂਬਰ ਐਫ.ਐਂਡ ਸੀ.ਸੀ.**

**ਸ਼੍ਰੀ ਬਲਜਿੰਦਰ ਸਿੰਘ**
**ਮੈਂਬਰ ਐਫ.ਐਂਡ ਸੀ.ਸੀ.**

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1</td><td>362</td><td>ਏਜੰਡਾ ਨੰ: 1:<br>ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 29.03.2022 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 29.03.2022 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2</td><td>363</td><td>ਏਜੰਡਾ ਨੰ: 2:<br>ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-
<table>
<tr><th>Sr. No.</th><th>Name of Work</th><th>Estimate (in lac)</th></tr>
<tr><td>1.</td><td>Cleaning of Road gully Chamber in Zone No. 1</td><td>2.68</td></tr>
<tr><td>2.</td><td>Cleaning of Road gully Chamber in Zone No. 3</td><td>2.75</td></tr>
<tr><td>3.</td><td>Cleaning of Road gully Chamber in Zone No. 5</td><td>2.68</td></tr>
<tr><td>4.</td><td>Cleaning of Road gully Chamber in Zone No. 6</td><td>3.75</td></tr>
<tr><td>5.</td><td>Cleaning of Road gully Chamber in Zone No. 7</td><td>3.49</td></tr>
<tr><td>6.</td><td>Cleaning of Road gully Chamber in Zone No. 8</td><td>1.50</td></tr>
<tr><td>7.</td><td>Purchase of Enamal Paint, Welding Rod, Cutting Wheel, PVC Pipe 6", PVC Pipe 4", Brush 3", Brush 4" T.T. oil & Wall Putty for MC Store for the year 2022-2023</td><td>6.81</td></tr>
<tr><td>8.</td><td>Supply of MH HD-20, MD 10,Road Jalli, MS Board, new bricks for Road Gang MC Store for the year 2022-2023.</td><td>45.35</td></tr>
<tr><td>9.</td><td>Purchase of Cement for Road Gang Brnch at MC Store for year 2022-2023</td><td>9.90</td></tr>
<tr><td>10.</td><td>Supply of Fine Sand & Bazri 11.2 mm for MC Store for the year 2022-2023.</td><td>7.26</td></tr>
<tr><td>11.</td><td>Supply of 2 Nos. Heavy Vehicle Driver for Fire Brigade (FY 2022-2023)</td><td>3.73</td></tr>
<tr><td>12.</td><td>Supply and installation of 315 KVA Transformer at Alam Basti Disposal, Paras Ram Nagar, Bathinda.</td><td>8.91</td></tr>
<tr><td>13.</td><td>Supply of Drinking Water with Water Tanker in various parts of City (2022-2023)</td><td>26.28</td></tr>
</table></td><td></td></tr>
</table>

<table>
<tr>
<td></td>
<td></td>
<td>
<table>
<tr><td>14.</td><td>Supply of Pump Operator for operation of Disposal Motor season for 2 years</td><td>3.05</td></tr>
<tr><td>15</td><td>ਬਠਿੰਡਾ ਸ਼ਹਿਰ ਦੇ ਗੰਦੇ ਨਾਲਾ (From MC Office upto Sanjay Tobha) ਦੀ ਸਫਾਈ ਲਈ ਲੇਬਰ ਦੀ ਸਪਲਾਈ ਲੈਣ ਬਾਰੇ।</td><td>2.40</td></tr>
</table>
ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
<tr>
<td>3</td>
<td>364</td>
<td>
<u>ਏਜੰਡਾ ਨੰ: 3:</u><br><br>
ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਵਿੱਚੋਂ ਆਵਾਰਾ ਪਸ਼ੂਆਂ ਨੂੰ ਗਊਸ਼ਾਲਾ ਵਿਖੇ ਛੱਡਣ ਬਾਰੇ ਬੇਨਤੀ ਹੈ ਕਿ ਐਫ.ਐਂਡ ਸੀ.ਸੀ. ਦੀ ਹੋਈ ਮੀਟਿੰਗ ਮਿਤੀ 05.04.2022 ਵਿੱਚ ਹੁਕਮ ਹੋਏ ਕਿ ਸ਼ਹਿਰ ਵਿੱਚੋਂ ਆਵਾਰਾ ਪਸ਼ੂ ਫੜ੍ਹ ਕੇ ਪਹਿਲਾਂ ਜਿਵੇਂ ਕਿ ਰਾਜਸਥਾਨੀ ਲੇਬਰ ਅਤੇ ਟਰੱਕ ਆਦਿ ਹਾਇਰ ਕਰਕੇ ਸ਼ਹਿਰ ਵਿੱਚੋਂ ਪਸ਼ੂ ਪਕੜ੍ਹ ਕੇ ਗਊਸ਼ਾਲਾਵਾਂ ਵਿੱਚ ਭੇਜੇ ਜਾਂਦੇ ਸਨ, ਉਸੇ ਤਰ੍ਹਾਂ ਕੰਮ ਚਲਾ ਕੇ ਸ਼ਹਿਰ ਵਿੱਚੋਂ ਆਵਾਰਾ ਪਸ਼ੂ ਫੜ੍ਹੇ ਜਾਣ। ਰਿਕਾਰਡ ਅਨੁਸਾਰ ਹਰਰਾਏਪੁਰ ਗਊਸ਼ਾਲਾ ਵਿਖੇ 750-800 ਪਸ਼ੂ ਹੋਰ ਛੱਡੇ ਜਾ ਸਕਦੇ ਸਨ, ਜਿਸ ਵਿੱਚ ਮਿਤੀ 22.02.2022 ਤੋਂ ਹੁਣ ਤੱਕ ਲਗਭਗ 150 ਪਸ਼ੂ ਭੇਜਿਆ ਜਾ ਚੁੱਕਾ ਹੈ ਅਤੇ ਕੰਮ ਨਿਰੰਤਰ ਜਾਰੀ ਵੀ ਹੈ। ਪਰੰਤੂ ਉਕਤ ਕੰਮ ਲਈ ਜਿਸ ਤਰ੍ਹਾਂ ਕਿ ਪਹਿਲਾਂ ਵੀ ਟਰੱਕਾਂ ਰਾਹੀਂ ਪਸ਼ੂਆਂ ਨੂੰ ਗਊਸ਼ਾਲਾ ਵਿਖੇ ਭੇਜਿਆ ਗਿਆ ਸੀ, ਜਿਸਦਾ ਕਿ ਪ੍ਰਤੀ ਟਰੱਕ ਪ੍ਰਤੀ ਗੇੜਾ 6000/- ਰੁਪਏ ਅਤੇ ਪਸ਼ੂ ਫੜ੍ਹਣ ਦੀ ਲੇਬਰ 320/- ਰੁਪਏ ਪ੍ਰਤੀ ਪਸ਼ੂ ਦੇ ਹਿਸਾਬ ਨਾਲ ਅਦਾਇਗੀ ਕੀਤੀ ਗਈ ਸੀ। ਹਣ ਪ੍ਰਤੀ ਟਰੱਕ ਗੇੜਾ 6000/- ਰੁਪਏ ਅਤੇ ਲੇਬਰ ਵੱਲੋਂ ਪ੍ਰਤੀ ਪਸ਼ੂ 400/- ਰੁਪਏ ਦੀ ਮੰਗ ਕੀਤੀ ਗਈ ਸੀ। ਲੇਬਰ ਨਾਲ ਗੱਲਬਾਤ ਕਰਕੇ ਉਹਨਾਂ ਨੂੰ 350/- ਰੁਪਏ ਪ੍ਰਤੀ ਪਸ਼ੂ ਦੇਣ ਲਈ ਸਹਿਮਤ ਕੀਤਾ ਗਿਆ ਹੈ। 650-700 ਤੋਂ ਪਸ਼ੂ ਗਊਸ਼ਾਲਾ ਵਿੱਚ ਭੇਜਣ ਦੇ ਕੰਮ ਤੇ ਅੰਦਾਜ਼ਨ ਲਗਭਗ 5.00 ਲੱਖ ਰੁਪਏ ਦਾ ਖਰਚ ਆਵੇਗਾ। ਮੀਟਿੰਗ ਵਿੱਚ ਹੀ ਫੈਸਲਾ ਲਿਆ ਗਿਆ ਸੀ ਕਿ ਜਿਸ ਏਰੀਏ ਵਿੱਚ ਪਸ਼ੂ ਪਕੜੇ ਜਾਣੇ ਹਨ, ਉਸ ਏਰੀਏ ਵਿੱਚ ਜ਼ੋਨ ਵਾਇਜ਼ ਸਬੰਧਤ ਸੈਨਟਰੀ ਸੁਪਰਵਾਇਜ਼ਰ/ਇੰਸਪੈਕਟਰ ਚਾਰ ਦੀਵਾਰੀ ਵਾਲਾ ਅਤੇ ਵੱਡੇ ਗੇਟ ਵਾਲਾ ਨੌਹਰਾ/ਪਲਾਟ ਉਪਲਬੱਧ ਕਰਵਾ ਕੇ ਦੇਣਗੇ। ਉਕਤ ਕੰਮ ਨੂੰ ਤੁਰੰਤ ਕਰਵਾਉਣ ਲਈ ਫੜ੍ਹੇ ਗਏ ਪਸ਼ੂਆਂ ਦੇ ਕੰਨਾਂ ਵਿੱਚ ਟੈਗਿੰਗ ਕਰਕੇ ਭੇਜਣ ਲਈ ਘੱਟੋ-ਘੱਟ 500 ਟੈਗ ਤੁਰੰਤ ਚਾਹੀਦੇ ਹੋਣਗੇ ਜੋ ਸਟੋਰ ਵਿੱਚ ਮੌਜੂਦ ਨਹੀਂ ਹਨ। ਇਸ ਸਬੰਧੀ ਸਟੋਰਕੀਪਰ ਨੂੰ ਤੁਰੰਤ ਟੈਗ ਖਰੀਦ ਕੇ ਦੇਣ ਲਈ ਹਦਾਇਤ ਕੀਤੀ ਜਾਵੇ ਜੀ। ਇਸਤੋਂ ਇਲਾਵਾ ਐਡਵਾਂਸ ਦੀ ਜਰੂਰਤ ਹੈ। ਕਿਉਂ ਜੋ ਰਾਜਸਥਾਨੀ ਲੇਬਰ ਬਿਨਾਂ ਐਡਵਾਂਸ ਤੋਂ ਕੰਮ ਕਰਨ ਲਈ ਤਿਆਰ ਨਹੀਂ ਹੁੰਦੀ। ਇਸ ਲਈ ਉਕਤ ਕੰਮ ਦੀ ਸ਼ੁਰੂਆਤ ਕਰਨ ਲਈ ਘੱਟੋ-ਘੱਟ 2,00,000/- (ਦੋ ਲੱਖ ਰੁਪਏ) ਐਡਵਾਂਸ ਜਾਰੀ ਕਰਨ ਅਤੇ ਉਕਤ ਦਰਸਾਏ ਰੇਟਾਂ ਦੀ ਪ੍ਰਵਾਨਗੀ ਲੈਣ ਲਈ ਕੇਸ ਐਫ.ਐਂਡ ਸੀ.ਸੀ. ਦੀ ਅਗਲੀ ਮੀਟਿੰਗ ਵਿੱਚੋਂ ਮਤਾ ਪਾਸ ਕਰਵਾਉਣ ਹਿੱਤ ਰਿਪੋਰਟ ਪੇਸ਼ ਹੈ ਜੀ।<br>
ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ Stray Cattles ਦੀ ਸਮੱਸਿਆ ਨੂੰ ਦੇਖਦੇ ਹੋਏ ਆਵਾਰਾ ਪਸ਼ੂ ਫੜ੍ਹਨੇ ਜਰੂਰੀ ਹਨ। ਉਕਤ ਅਨੁਸਾਰ ਵਿੱਤ ਅਤੇ ਠੇਕਾ ਕਮੇਟੀ ਤੋਂ ਪ੍ਰਵਾਨਗੀ ਦੀ ਆਸ ਵਿੱਚ ਪੇਸ਼ ਹੈ ਜੀ।<br>
ਉਕਤ ਅਨੁਸਾਰ ਕੰਮ ਦੀ ਮਹਤੱਤਾ ਨੂੰ ਦੇਖਦੇ ਹੋਏ ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਮਿਤੀ 11.04.2022 ਨੂੰ ਐਫ.ਐਂਡ ਸੀ.ਸੀ. ਤੋਂ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ ਹੈ।<br>
ਕੇਸ ਐਫ.ਐਂਡ ਸੀ.ਸੀ. ਦੀ ਜਾਣਕਾਰੀ ਹਿੱਤ।
</td>
<td>
ਪ੍ਰਵਾਨ ਹੈ।<br>
ਮਜ਼ੀਦ ਪਾਸ ਕੀਤਾ ਗਿਆ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਬੇਸਹਾਰਾ ਪਸ਼ੂਆਂ ਨੂੰ ਫੜ੍ਹਵਾਉਣ ਅਤੇ ਨਗਰ ਨਿਗਮ ਵੱਲੋਂ ਗਊਸ਼ਾਲਾਵਾਂ ਵਿੱਚ ਰੱਖੇ ਬੇਸਹਾਰਾ ਪਸ਼ੂਆਂ ਦੀ ਚੈਕਿੰਗ ਕਰਨ ਲਈ ਹੇਠ ਲਿਖੇ ਅਨੁਸਾਰ ਸਬ-ਕਮੇਟੀ ਬਣਾਈ ਜਾਂਦੀ ਹੈ:<br>
1. ਸ਼੍ਰੀ ਸੰਦੀਪ ਕੁਮਾਰ, ਕੌਂਸਲਰ, ਵਾਰਡ ਨੰ: 26<br>
2. ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ, ਵਾਰਡ ਨੰ: 39<br>
3. ਸ਼੍ਰੀ ਇੰਦਰਜੀਤ ਸਿੰਘ, ਕੌਂਸਲਰ, ਵਾਰਡ ਨੰ: 44<br>
4. ਸ਼੍ਰੀਮਤੀ ਰਾਜ ਰਾਣੀ, ਕੌਂਸਲਰ, ਵਾਰਡ ਨੰ: 45
</td>
</tr>
</table>

| | | | |
|---|---|---|---|
| 4 | 365 | **ਏਜੰਡਾ ਨੰ: 4:**<br><br>ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਸ਼ਹਿਰ ਅੰਦਰ ਮਹੀਨਾ ਅਪ੍ਰੈਲ ਤੋਂ ਡੇਂਗੂ ਮਲੇਰੀਆ ਦੀ ਰੋਕਥਾਮ ਲਈ ਫੌਗਿੰਗ ਸਪਰੇਅ ਕਰਵਾਈ ਜਾਂਦੀ ਹੈ।<br>ਬੇਨਤੀ ਹੈ ਕਿ ਇਸ ਸਮੇਂ ਨਗਰ ਨਿਗਮ ਪਾਸ ਚਾਰ ਵੱਡੀਆਂ ਵਹੀਕਲ ਵਾਲੀਆਂ ਮਸ਼ੀਨਾਂ ਅਤੇ 7 (ਸੱਤ) ਛੋਟੀਆਂ ਹੈਂਡੀ ਮਸ਼ੀਨਾਂ ਹਨ। ਸ਼ਹਿਰ ਦੇ 50 ਵਾਰਡ ਹੋਣ ਕਾਰਨ ਇਹ ਮਸ਼ੀਨਾਂ ਘੱਟ ਹਨ। ਪਿਛਲੇ ਸਾਲ ਡੇਂਗੂ ਦੇ ਕੇਸਾਂ ਵਿੱਚ ਬਹੁਤ ਵਾਧਾ ਹੋਇਆ ਸੀ, ਜਿਸ ਕਾਰਨ ਡੋਰ ਟੂ ਡੋਰ ਫੌਗਿੰਗ ਕਰਨ ਅਤੇ ਡੇਂਗੂ ਤੇ ਰੋਕਥਾਮ ਕਰਨ ਵਿੱਚ ਬਹੁਤ ਮੁਸ਼ਕਿਲ ਪੇਸ਼ ਆਈ ਸੀ। ਸੋ, ਇਸ ਸਾਲ ਡੇਂਗੂ ਮਲੇਰੀਆ ਚਿਕਣਗੁਨੀਆ ਦੀ ਰੋਕਥਾਮ ਲਈ 10 (ਦੱਸ) ਹੋਰ ਹੈਂਡੀ ਮਸ਼ੀਨਾਂ ਖਰੀਦ ਕਰਨ ਦੀ ਜਰੂਰਤ ਹੈ,ਤਾਂ ਜੋ ਡੇਂਗੂ ਚਿਕਣਗੁਨੀਆ ਵਰਗੀਆਂ ਭਿਆਨਕ ਬੀਮਾਰੀਆਂ ਦੀ ਰੋਕਥਾਮ ਕੀਤੀ ਜਾ ਸਕੇ।<br>ਸਟੋਰਕੀਪਰ ਦੀ ਰਿਪੋਰਟ ਅਨੁਸਾਰ ਜੈਮ ਪੋਰਟਲ ਤੇ ਇੱਕ ਫੌਗਿੰਗ ਮਸ਼ੀਨ ਦ ਰੇਟ ਲਗਭਗ 98,000/- ਰੁਪਏ ਹੈ। ਇਸ ਤਰ੍ਹਾਂ 10 ਫੋਗਿੰਗ ਮਸ਼ੀਨਾਂ ਦੀ ਖਰੀਦ ਕਰਨ ਤੇ 10x98000 = 9,80,000/- ਰੁਪਏ ਖਰਚ ਆਉਣ ਦੀ ਸੰਭਾਵਨਾ ਹੈ। ਇਸ ਲਈ ਫੌਗਿੰਗ ਮਸ਼ੀਨਾਂ ਦੀ ਖਰੀਦ ਕਰਨ ਤੇ ਆਉਣ ਵਾਲੇ ਖਰਚੇ ਅਤੇ ਅਦਾਇਗੀ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| 5 | 366 | **ਏਜੰਡਾ ਨੰਬਰ 5 :**<br><br>ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਦੀ ਹਦੂਦ ਵਿੱਚੋਂ ਮੁਰਦਾ ਪਸ਼ੂਆਂ ਨੂੰ ਚੁੱਕਣ ਦਾ ਕੰਮ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ (F&CC) ਨੇ ਆਪਣੇ ਮਤਾ ਨੰਬਰ 270 ਮਿਤੀ 12.01.2021 ਰਾਹੀਂ ਨਗਰ ਨਿਗਮ ਬਠਿੰਡਾ ਵਿਖੇ ਹੱਡਾ ਰੋੜੀ ਨਾ ਹੋਣ ਕਰਕੇ ਇਹ ਕੰਮ ਮੁਫਤ ਕਰਨ ਲਈ ਸ਼੍ਰੀ ਮਨਦੀਪ ਸਿੰਘ ਪੁੱਤਰ ਸ਼੍ਰੀ ਤਰਸੇਮ ਲਾਲ ਵਾਸੀ ਪਰਸ ਰਾਮ ਨਗਰ , ਗਲੀ ਨੰ: 23, ਬਠਿੰਡਾ ਮੋਬਾਇਲ ਨੰ: 94177-80635 ਨੂੰ ਵਰਕ ਆਰਡਰ ਨੰਬਰ 3158 ਮਿਤੀ 15.12.2021 ਰਾਹੀਂ ਦਿੱਤਾ ਗਿਆ ਸੀ। ਹੁਣ ਮਨਦੀਪ ਸਿੰਘ ਪੁੱਤਰ ਤਰਸੇਮ ਲਾਲ ਵੱਲੋਂ ਦਰਖਾਸਤ ਨੰ: 1827 ਮਿਤੀ 19.04.2022 ਰਾਹੀਂ ਮੁਰਦਾ ਪਸ਼ੂਆਂ ਨੂੰ ਚੁੱਕਣ ਦਾ ਕੰਮ ਛੱਡਣ ਬਾਰੇ ਬੇਨਤੀ ਕੀਤੀ ਗਈ ਹੈ।<br>ਇੱਥੇ ਇਹ ਵੀ ਦਸਣਯੋਗ ਹੋਵੇਗਾ ਕਿ ਇਸ ਕੰਮ ਨੂੰ ਕਰਨ ਲਈ ਕਈ ਵਿਅਕਤੀਆਂ ਵੱਲੋਂ ਦਰਖਾਸਤ ਦਿੱਤੀ ਗਈ ਹੈ, ਜਿਸ ਵਿੱਚ ਸ਼੍ਰੀ ਨਰੋਤਮ ਬਾਂਸਲ ਪੁੱਤਰ ਸ਼੍ਰੀ ਉਮ ਪ੍ਰਕਾਸ਼ ਵਾਸੀ ਮਹਿਣਾ ਚੌਂਕ, ਬਠਿੰਡਾ ਮੋਬਾਇਲ ਨੰ: 92179-20147, ਦਰਖਾਸਤ ਵੱਲੋਂ ਦਫਤਰ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਦੇ ਪੱਤਰ ਨੰ: 2705-06 ਮਿਤੀ 01.04.2022 ਅਤੇ ਦਫਤਰ ਨਗਰ ਨਿਗਮ ਬਠਿੰਡਾ ਦੀ ਡਾਇਰੀ ਨੰ: 390 ਮਿਤੀ 05.04.2022 ਅਤੇ 1928 ਮਿਤੀ 22.04.2022 ਰਾਹੀਂ ਬੇਨਤੀ ਕੀਤੀ ਗਈ ਹੈ ਕਿ ਮੈਂ ਪਿਛਲੇ ਕਈ ਸਾਲਾਂ ਤੋਂ ਕੰਮ ਕਰਦਾ ਆ ਰਿਹਾ ਹਾਂ। ਮੈਂ ਪੂਰੇ ਜਿਲ੍ਹੇ ਦੇ ਪਸ਼ੂ ਚੁੱਕਣ ਦਾ ਚਾਹਵਾਨ ਹਾਂ। ਇਸ ਕੰਮ ਨੂੰ ਕਰਨ ਲਈ ਮੇਰੇ ਕੋਲ ਯੋਗ ਵਿਅਕਤੀ ਹਨ। ਇਸ ਕੰਮ-ਕਾਰ ਬਾਰੇ ਮੇਰੀ ਕੋਈ ਸ਼ਿਕਾਇਤ ਨਹੀਂ ਹੈ। ਮੇਰੇ ਕੋਲ ਮੋੜ ਕੱਲੋ ਰੋਡ ਅਤੇ ਤਿਉਣਾ ਪੁਜਾਰੀਆ ਤੇ ਆਪਣੇ ਹੱਡਾ ਰੋੜੀ ਹੈ, ਇਹ ਕਿ ਮੈਂ ਮੁਰਦਾ ਪਸ਼ੂਆਂ ਨੂੰ ਚੁੱਕਣ ਦਾ ਨਾ ਹੀ ਕੋਈ ਪੈਸਾ ਲਵਾਂਗਾ ਅਤੇ ਨਾ ਹੀ ਪੈਸਾ ਦੇਵਾਂਗਾ।<br>ਜਿਸ ਵਿੱਚ ਰਾਜ ਕੁਮਾਰ ਪੁੱਤਰ ਗੋਪਾਲ ਦਾਸ ਵਾਸੀ ਸੰਜੇ ਨਗਰ,ਬਠਿੰਡਾ ਵੱਲੋਂ ਵੀ ਇਹ ਕੰਮ ਕਰਨ ਲਈ ਦਰਖਾਸਤ ਦਿੱਤੀ ਗਈ ਹੈ। ਜਿਸ ਵਿੱਚ ਉਹਨਾਂ ਵੱਲੋਂ ਲਿਖਿਆ ਗਿਆ ਹੈ ਕਿ ਮੈਂ ਸ਼ਹਿਰ ਵਿੱਚੋਂ ਆਵਾਰਾ ਅਤੇ ਗਊਸ਼ਾਲਾਵਾਂ ਤੇ ਪਸ਼ੂਆਂ ਨੂੰ ਮੁਫਤ | |

| | | | |
|---|---|---|---|
| | | ਚੁਕਾਂਗਾ, ਜਿਹੜੇ ਡੇਅਰੀ ਅਤੇ ਰਿਹਾਇਸ਼ੀ ਪਸ਼ੂ ਪਾਲਣ ਵਾਲਿਆਂ ਤੋਂ ਮੈਂ ਬਣਦਾ ਚਾਰਜ਼ ਲਵਾਂਗਾ।ਜੋ ਮੈਂ ਇਹ ਪਸ਼ੂ ਸ਼ਹਿਰ ਤੋਂ ਲਗਭਗ 150 ਕਿਲੋਮੀਟਰ ਦੂਰ ਆਪਣੇ ਵਹੀਕਲ ਵਿੱਚ ਲੈ ਕੇ ਜਾਵਾਂਗਾ।<br>ਇੱਕ ਹੋਰ ਵਿਅਕਤੀ ਵੱਲੋਂ ਉਮ ਪ੍ਰਕਾਸ਼ ਪੁੱਤਰ ਗੋਪਾਲ ਦਾਸ, ਵਾਸੀ ਸੰਜੇ ਨਗਰ ਮੇਨ ਰੋਡ ਬਠਿੰਡਾ ਮੋਬਾਇਲ ਨੰ: 95018-30664, 79139-73119 ਵੱਲੋਂ ਦਰਖਾਸਤ ਦਫਤਰ ਨਗਰ ਨਿਗਮ ਬਠਿੰਡਾ ਦੀ ਡਾਇਰੀ ਨੰ: 1861 ਮਿਤੀ 20.04.2022 ਅਤੇ 12.01 ਮਿਤੀ 21.04.2022 ਰਾਹੀਂ ਬੇਨਤੀ ਕੀਤੀ ਗਈ ਹੈ ਕਿ ਮੈਂ ਪਿਛਲੇ ਕਈ ਸਾਲਾਂ ਤੋਂ ਕੰਮ ਕਰਦਾ ਆ ਰਿਹਾ ਹਾਂ। ਮੈਂ ਸ਼ਹਿਰ ਵਿੱਚੋਂ ਆਵਾਰਾ ਮੁਰਦਾ ਪਸ਼ੂਆਂ ਨੂੰ ਚੁੱਕਣ ਦਾ ਕੰਮ ਕਰਨਾ ਚਾਹੁੰਦਾ ਹਾਂ। ਜਿਸ ਦੇ ਬਦਲੇ ਮੈਂ ਨਗਰ ਨਿਗਮ ਨੂੰ ਪੰਜ ਹਜ਼ਾਰ (5000) ਰੁਪਏ ਪ੍ਰਤੀ ਮਹੀਨਾ ਦੇਣ ਲਈ ਤਿਆਰ ਹਾਂ।<br>ਮਨਦੀਪ ਸਿੰਘ ਪੁੱਤਰ ਤਰਸੇਮ ਲਾਲ, ਵਾਸੀ ਪਰਸ ਰਾਮ ਨਗਰ ਬਠਿੰਡਾ ਨੂੰ ਅਲਾਟ ਕੀਤੇ ਗਏ ਇਸ ਕੰਮ ਨੂੰ ਰੱਦ ਕਰਨ ਅਤੇ ਪ੍ਰਾਪਤ ਹੋਈਆਂ ਦਰਖਾਸਤਾਂ ਤੇ ਵਿਚਾਰ ਅਤੇ ਸ਼ਹਿਰ ਵਿੱਚੋਂ ਮੁਰਦਾ ਪਸ਼ੂਆਂ ਨੂੰ ਚੁਕਣ ਦਾ ਕੰਮ ਖੁੱਲੀ ਬੋਲੀ ਰਾਹੀਂ ਦੇਣ ਲਈ ਰਿਪੋਰਟ ਕੀਤੀ ਗਈ ਹੈ।<br>ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Since, we have received 3 applications for lifting dead animals from the city, we may form a Committee to be proposed in F&CC Meeting for auction by transparent manner by vide publicity through press. For approval please.<br>ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਗਿਆ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਮੁਰਦਾ ਪਸ਼ੂਆਂ ਨੂੰ ਚੁੱਕਵਾਉਣ ਅਤੇ ਇਸ ਕੰਮ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਖਾਤਰ ਹੇਠ ਲਿਖੇ ਅਨੁਸਾਰ ਸਬ-ਕਮੇਟੀ ਬਣਾਈ ਜਾਂਦੀ ਹੈ:**<br>**1. ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ, ਵਾਰਡ ਨੰ: 18**<br>**2. ਸ਼੍ਰੀਮਤੀ ਕਿਰਨ ਰਾਣੀ, ਕੌਂਸਲਰ, ਵਾਰਡ ਨੰ: 23**<br>**3. ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ, ਵਾਰਡ ਨੰ: 36**<br>**4. ਸ਼੍ਰੀ ਰਤਨ ਰਾਹੀ, ਕੌਂਸਲਰ, ਵਾਰਡ ਨੰ: 46** |

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**